**ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ**
**www.chandigarh.gov.in**
**ਪ੍ਰੈਸ ਨੋਟ**

ਚੰਡੀਗੜ੍ਹ, 28 ਜੁਲਾਈ :- ਪਾਰਟਰਨਰਸ਼ਿਪ ਇਨੀਸ਼ੀਏਟਿਵ ਪ੍ਰੋਗਰਾਮ ਦੇ ਅਧੀਨ ਚਲਾਈ ਗਈ ਪੌਦੇ ਲਗਾਉਣ ਦੀ ਮੁਹਿੰਮ ਦਾ ਨਿਰੀਖਣ ਕਰਨ ਲਈ ਬੋਟਾਨੀਕਲ ਗਾਰਡਨ ਚੰਡੀਗੜ੍ਹ ਵਿਚ ਜੰਗਲਾਤ ਵਿਭਾਗ ਨਾਲ ਰਜਿਸਟਰਡ ਗੈਰ ਸਰਕਾਰੀ ਸੰਗਠਨਾਂ ਦੀ ਮੀਟਿੰਗ ਆਯੋਜਤ ਕੀਤੀ ਗਈ। ਮੀਟਿੰਗ ਦੀ ਪ੍ਰਧਾਨਤਾ ਚੰਡੀਗੜ੍ਹ ਪ੍ਰਸ਼ਾਸਨ ਦੇ ਜੰਗਲਾਤ ਅਤੇ ਡਾਇਰੈਕਟਰ (ਵਾਤਾਵਰਨ) ਦੇ ਕੰਜ਼ਰਵੇਟਰ ਸ਼੍ਰੀ ਸੰਤੋਸ਼ ਕੁਮਾਰ ਦੁਆਰਾ ਕੀਤੀ ਗਈ। ਪੀਆਈਪੀ ਦੇ ਅਧੀਨ ਚਲਾਈ ਗਈ ਪੌਦੇ ਲਗਾਉਣ ਦੀ ਮੁਹਿੰਮ ਲਈ ਜੰਗਲਾਤ ਵਿਭਾਗ ਨਾਲ ਕੁੱਲ 90 ਗੈਰ ਸਰਕਾਰੀ ਸੰਗਠਨ ਰਜਿਸਟਰਡ ਹਨ।

ਜੰਗਲਾਤ ਵਿਭਾਗ ਚੰਡੀਗੜ੍ਹ ਦੇ ਡਿਪਟੀ ਕੰਜ਼ਰਵੇਟਰ ਸ਼੍ਰੀ ਸੌਰਵ ਕੁਮਾਰ ਨੇ ਸਾਰੇ ਹਿੱਸਾ ਲੈਣ ਵਾਲਿਆਂ ਨੂੰ ਕਿਹਾ ਕਿ ਉਹ ਸ਼ਹਿਰ ਵਿਚ ਭਿੰਨ ਭਿੰਨ ਥਾਵਾਂ ਤੇ ਸਥਿਤ ਪੰਜ ਜੰਗਲਾਤ ਨਰਸਰੀਆਂ ਤੋਂ ਛੋਟੇ ਪੌਦੇ ਬਿਨਾਂ ਕਿਸੇ ਲਾਗਤ ਦੇ ਪ੍ਰਾਪਤ ਕਰ ਸਕਦੇ ਹਨ। ਉਹਨਾਂ ਨੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਦਰੱਖਤਾਂ ਦੀਆਂ ਭਿੰਨ ਭਿੰਨ ਜਾਤੀਆਂ ਲਗਾਉਣ ਤੋਂ ਬਿਨਾਂ ਗੈਰ ਸਰਕਾਰੀ ਸੰਗਠਨਾਂ ਨੂੰ ਰੋਗਨਾਸ਼ਕ ਅਤੇ ਹਰਬਲ ਪੌਦੇ ਲਗਾਉਣ ਲਈ ਵੀ ਅੱਗੇ ਆਉਣਾ ਚਾਹੀਦਾ ਹੈ।

ਮੀਟਿੰਗ ਦੇ ਦੌਰਾਨ ਜੰਗਲਾਤ ਦੇ ਕੰਜ਼ਰਵੇਟਰ ਨੇ ਮਾਨਸੂਨ ਦੇ ਮੌਸਮ ਦੌਰਾਨ ਵੱਧ ਤੋਂ ਵੱਧ ਪੌਦੇ ਲਗਾਊ ਮੁਹਿੰਮਾਂ ਚਲਾਉਣ ਤੇ ਜ਼ੋਰ ਦਿੱਤਾ। ਇਹ ਵੀ ਨਿਰਣਾ ਲਿਆ ਗਿਆ ਕਿ ਸਾਰੇ ਗੈਰ ਸਰਕਾਰੀ ਸੰਗਠਨ ਮਹੀਨੇ ਵਿਚ ਚਲਾਈ ਜਾਣ ਵਾਲੀ ਪੌਦਾ ਲਗਾਊ ਮੁਹਿੰਮ ਦੀ ਸਾਰੀ ਜਾਣਕਾਰੀ ਨੋਡਲ ਅਫਸਰ ਕੋਲ ਜਮ੍ਹਾਂ ਕਰਵਾਉਣਗੇ ਤਾਂ ਕਿ ਮੁਹਿੰਮ ਦੀ ਸਹੀ ਜਾਂਚ ਅਤੇ ਪ੍ਰਭਾਵਪੂਰਵਕ ਢੰਗ ਨਾਲ ਲਾਗੂ ਕੀਤਾ ਜਾ ਸਕੇ।